5.11.2026

ਸ਼ਹੀਦ ਪਰਿਵਾਰ ਫੰਡ

ਸਹਿਯੋਗੀਆਂ ਦੀ ਸੂਚੀ

Donation Eligible U/s 133 Income Tax,2025



ਕੁਰੂਕਸ਼ੇਤਰ ਦੇ ਗੀਤਾ ਕੁੰਜ ਆਸ਼ਰਮ ਵਿਚ ਸਵਾਮੀ ਮੁਕਤਾਨੰਦ ਜੀ ਮਹਾਰਾਜ ਦੀ ਰਹਿਨੁਮਾਈ 'ਚ ਪਾਨੀਪਤ ਦੇ ਪ੍ਰਸਿੱਧ ਉਦਯੋਗਪਤੀ ਵੇਦ ਪ੍ਰਕਾਸ਼ ਮਿੱਤਲ ਸ਼ਹੀਦ ਪਰਿਵਾਰ ਫੰਡ ਦੇ ਲਈ 1,00,000 ਰੁਪਏ ਦੀ ਰਕਮ ਸ੍ਰੀ ਵਿਜੇ ਚੋਪੜਾ ਨੂੰ ਭੇਟ ਕਰਦੇ ਹੋਏ। ਨਾਲ ਹਨ ਜਸਟਿਸ ਡਾ. ਨੀਲਿਮਾ ਸ਼ਾਂਗਲਾ ਤੇ ਕੁਰੂਕਸ਼ੇਤਰ ਦੇ ਪ੍ਰਤੀਨਿਧੀ ਕ੍ਰਿਸ਼ਨ ਧਮੀਜਾ।



ਸੇਠ ਚੰਦ ਪ੍ਰਕਾਸ਼ ਜੈਨ ਜੰਡਿਆਲਾ ਗੁਰੂ ਵਾਲਿਆਂ ਦੀ 41ਵੀਂ ਬਰਸੀ 'ਤੇ ਸਪੁੱਤਰ ਸੰਜੇ ਜੈਨ, ਨੂੰਹ ਅੰਜੂ ਜੈਨ ਨੇ ਅੰਮ੍ਰਿਤ ਜਿਊਲਸ ਲੁਧਿਆਣਾ ਤੋਂ ਸ਼ਹੀਦ ਪਰਿਵਾਰ ਫੰਡ ਲਈ 5,100 ਰੁਪਏ ਦੀ ਰਕਮ ਭੇਜੀ।

ਵੇਦ ਪ੍ਰਕਾਸ਼ ਮਿੱਤਲ, ਪਾਨੀਪਤ (R.No. 27417 to 27421)	1,00,000.00
ਅੰਮ੍ਰਿਤ ਜਿਊਲਸ, ਲੁਧਿਆਣਾ (R.No. 27414)	5,100.00
ਲਘੂਦਾਨ (R.No. 27694 ਤੋਂ 27771) ਮਿਤੀ 02.11.2026	2,330.00
ਅੱਜ ਦਾ ਜੋੜ	1,07,430.00
ਪਿਛਲਾ ਜੋੜ	57,47,644.33
ਕੁਲ ਜੋੜ	58,55,074.33
ਇਸ ਸਾਲ 29 ਪਰਿਵਾਰਾਂ ਨੂੰ ਦਿੱਤੀ ਰਕਮ	19,50,000.00
ਬਾਕੀ ਜੋੜ	39,05,074.33
ਯੂਨੀਅਨ ਬੈਂਕ 'ਚ ਪਈਆਂ ਐੱਫ. ਡੀਜ਼+ਵਿਆਜ	3,07,23,080.70
10725 ਪਰਿਵਾਰਾਂ ਨੂੰ ਦਿੱਤੀ ਗਈ ਰਕਮ	20,08,44,900.00
ਕੁਲ ਰਕਮ	23,54,73,055.03

1. ਫੋਟੋ 4100 ਰੁਪਏ ਜਾਂ ਵੱਧ ਦੇਣ ਵਾਲਿਆਂ ਦੀ ਛਪੇਗੀ।
2. ਨਕਦ ਤੇ ਡਰਾਫਟ ਦਫਤਰ 'ਚ 12 ਤੋਂ 8 PM. ਤਕ ਦਿਓ।
3. NEFT ਲਈ—ਯੂਨੀਅਨ ਬੈਂਕ ਆਫ ਇੰਡੀਆ, ਸਿਵਲ ਲਾਈਨਜ਼, ਜਲੰਧਰ। A/c. No. 308302010024188, IFSC Code: UBIN0530832.
4. ਰਕਮ ਟਰਾਂਸਫਰ ਕਰ ਕੇ 9872457650 'ਤੇ ਵ੍ਹਟਸਐਪ ਕਰੋ ਅਤੇ ਆਪਣਾ ਆਧਾਰ ਜਾਂ ਪੈਨ ਨੰਬਰ ਨਾਲ ਭੇਜੋ।

ਸਹਿਯੋਗ ਇੱਥੇ ਭੇਜੋ : ਸ਼ਹੀਦ ਪਰਿਵਾਰ ਫੰਡ
ਪੰਜਾਬ ਕੇਸਰੀ ਗਰੁੱਪ, ਸਿਵਲ ਲਾਈਨਜ਼, ਜਲੰਧਰ-144001

2047 ਤੱਕ ਵਿਕਸਤ ਭਾਰਤ ਬਣਾਉਣ 'ਚ ਨੌਜਵਾਨਾਂ ਦੀ ਭੂਮਿਕਾ ਸਭ ਤੋਂ ਅਹਿਮ : ਤਰਨਜੀਤ ਸਿੰਘ ਸੰਧੂ

ਅੰਮ੍ਰਿਤਸਰ, 4 ਨਵੰਬਰ (ਸਰਬਜੀਤ)-ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਅਤੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਸਾਲ 2047 ਤੱਕ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਵਿਚ ਨੌਜਵਾਨਾਂ ਦੀ ਭੂਮਿਕਾ ਸਭ ਤੋਂ ਅਹਿਮ ਹੋਵੇਗੀ। ਇਸ ਲਈ ਸਿੱਖਿਆ ਦੇ ਨਾਲ ਨੌਜਵਾਨਾਂ ਨੂੰ ਆਧੁਨਿਕ ਹੁਨਰਾਂ ਦੀ ਸਿਖਲਾਈ ਦੇ ਕੇ ਰੋਜ਼ਗਾਰ ਅਤੇ ਕਾਰੋਬਾਰ ਦੇ ਯੋਗ ਬਣਾਉਣਾ ਸਮੇਂ ਦੀ ਲੋੜ ਹੈ। ਪੰਜਾਬ ਦੌਰੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਤਰਨਜੀਤ ਸਿੰਘ ਸੰਧੂ ਨੇ ਚਾਟੀਵਿੰਡ ਚੌਕ ਸਥਿਤ ਗੁਰਦੁਆਰਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਗੰਜ ਵਿਖੇ ਵੀ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।



ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਮੌਕੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ। (ਸਰਬਜੀਤ)

ਇਸ ਮੌਕੇ ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਨੌਜਵਾਨਾਂ ਦੇ ਭਵਿੱਖ, ਰੋਜ਼ਗਾਰ ਅਤੇ ਪੰਜਾਬ ਦੀ ਆਰਥਿਕਤਾ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਿਰਫ਼ ਡਿਗਰੀਆਂ ਤੱਕ ਸੀਮਤ ਰੱਖਣ ਦੀ ਬਜਾਏ ਆਧੁਨਿਕ ਤਕਨੀਕਾਂ ਅਤੇ ਹੁਨਰਾਂ ਦੀ ਸਿਖਲਾਈ ਦੇਣੀ ਚਾਹੀਦੀ ਹੈ, ਤਾਂ ਜੋ ਉਹ ਨੌਕਰੀਆਂ ਪ੍ਰਾਪਤ ਕਰਨ ਦੇ ਨਾਲ ਆਪਣਾ ਕਾਰੋਬਾਰ ਵੀ ਸ਼ੁਰੂ ਕਰ ਸਕਣ।

ਅੰਮ੍ਰਿਤਸਰ ਦੇ ਵਿਕਾਸ ਬਾਰੇ ਉਨ੍ਹਾਂ ਕਿਹਾ ਕਿ ਸ਼ਹਿਰ ਵਿਚ ਰੋਜ਼ਾਨਾ ਲਗਭਗ ਡੇਢ ਲੱਖ ਸ਼ਰਧਾਲੂ ਅਤੇ ਸੈਲਾਨੀ ਪਹੁੰਚਦੇ ਹਨ। ਜੇਕਰ ਬਿਹਤਰ ਸਹੂਲਤਾਂ ਅਤੇ ਸੈਰ-ਸਪਾਟੇ ਦੇ ਮੌਕਿਆਂ ਰਾਹੀਂ ਇਨ੍ਹਾਂ ਨੂੰ ਸ਼ਹਿਰ ਵਿਚ ਵੱਧ ਸਮਾਂ ਠਹਿਰਨ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਸਥਾਨਕ ਵਪਾਰ ਅਤੇ ਆਰਥਿਕਤਾ ਨੂੰ ਵੱਡਾ ਲਾਭ ਹੋ ਸਕਦਾ ਹੈ। ਉਨ੍ਹਾਂ ਪੰਜਾਬ ਅਤੇ ਅੰਮ੍ਰਿਤਸਰ ਦੇ ਉਤਪਾਦਾਂ ਦੀ ਗੁਣਵੱਤਾ ਵਿੱਚ ਹੋਰ ਸੁਧਾਰ ਕਰਕੇ ਉਨ੍ਹਾਂ ਨੂੰ ਕੌਮਾਂਤਰੀ ਬਾਜ਼ਾਰਾਂ ਤੱਕ ਪਹੁੰਚਾਉਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

2027 'ਚ ਪੰਜਾਬ ਤੇ 2029 'ਚ ਕੇਂਦਰ 'ਚ ਕਾਂਗਰਸ ਸਰਕਾਰ ਬਣਾਉਣਾ ਟੀਚਾ : ਪਰਗਟ ਸਿੰਘ

ਚੰਡੀਗੜ੍ਹ/ਜਲੰਧਰ, 4 ਨਵੰਬਰ (ਅੰਕੁਰ, ਵਿਸ਼ੇਸ਼)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪਰਗਟ ਸਿੰਘ ਨੇ ਸੰਗਰੂਰ ਦੀ 'ਇਨਸਾਫ਼ ਰੈਲੀ' 'ਚ ਕਿਹਾ ਕਿ 2027 'ਚ ਪੰਜਾਬ ਤੇ 2029 'ਚ ਕੇਂਦਰ 'ਚ ਕਾਂਗਰਸ ਦੀ ਸਰਕਾਰ ਬਣਾਉਣਾ ਪਾਰਟੀ ਦਾ ਟੀਚਾ ਹੈ। ਉਨ੍ਹਾਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਸ਼ਿਆਂ, ਗੈਂਗਸਟਰਵਾਦ, ਬੇਰੁਜ਼ਗਾਰੀ ਤੇ ਵਿਗੜੀ ਕਾਨੂੰਨ-ਵਿਵਸਥਾ ਨੂੰ ਲੈ ਕੇ ਨਿਸ਼ਾਨਾ ਵਿੰਨ੍ਹਿਆ।



ਕਿਸਾਨਾਂ ਦੇ ਮੁੱਦੇ 'ਤੇ ਉਨ੍ਹਾਂ ਦਾਅਵਾ ਕੀਤਾ ਕਿ ਝੋਨੇ ਦੀ ਕਰੀਬ 25 ਫ਼ੀਸਦੀ ਫ਼ਸਲ ਅਜੇ ਵੀ ਮੰਡੀਆਂ 'ਚ ਪਈ ਹੈ ਤੇ ਖ਼ਰੀਦ ਬੰਦ ਹੋਣ ਕਾਰਨ ਕਿਸਾਨ ਖੱਜਲ-ਖੁਆਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਦਿੱਲੀ ਤੋਂ ਚਲਾਉਣ ਦੀ ਕੋਸ਼ਿਸ਼ ਹੋ ਰਹੀ ਹੈ ਪਰ ਪੰਜਾਬੀਆਂ ਨੂੰ ਆਪਣੇ ਹੱਕਾਂ ਲਈ ਡਟ ਕੇ ਲੜਨਾ ਆਉਂਦਾ ਹੈ।

ਪਰਗਟ ਸਿੰਘ ਨੇ ਡੀ. ਜੀ. ਪੀ. ਗੌਰਵ ਯਾਦਵ ਨੂੰ ਚਿਤਾਵਨੀ ਦਿੰਦਿਆਂ ਕਾਂਗਰਸੀ ਵਰਕਰਾਂ ਨਾਲ ਪੁਲਸ ਦੇ ਵਿਵਹਾਰ 'ਤੇ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਕੇਂਦਰ ਸਰਕਾਰ 'ਤੇ ਵੀ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਤੇ ਮੀਡੀਆ ਦੀ ਆਜ਼ਾਦੀ 'ਤੇ ਦਬਾਅ ਪਾਉਣ ਦੇ ਦੋਸ਼ ਲਾਏ।

'ਜ਼ਖ਼ਮ 84 ਦੇ' ਸੰਮੇਲਨ 'ਚ ਪੀੜਤਾਂ ਨੇ ਬਿਆਨ ਕੀਤੇ ਆਪਣੇ ਦਰਦ

ਰਾਹੁਲ ਗਾਂਧੀ 1984 ਦਾ ਜਵਾਬ ਦੇਣ : ਡਾ. ਸਤੀਸ਼ ਪੂਨੀਆ

ਚੰਡੀਗੜ੍ਹ, 4 ਨਵੰਬਰ (ਹਰਿਸ਼ਚੰਦਰ, ਅੰਕੁਰ)-ਭਾਜਪਾ ਪੰਜਾਬ ਵੱਲੋਂ ਚੰਡੀਗੜ੍ਹ 'ਚ 1984 ਦੇ ਸਿੱਖ ਕਤਲੇਆਮ 'ਤੇ ਆਯੋਜਿਤ ਇਕ ਰੋਜ਼ਾ ਸੰਮੇਲਨ 'ਜ਼ਖ਼ਮ 84 ਦੇ' ਦੌਰਾਨ 6 ਵੱਖ-ਵੱਖ ਸੈਸ਼ਨਾਂ 'ਚ ਕਤਲੇਆਮ ਦੇ ਪੀੜਤਾਂ ਅਤੇ ਹੋਰ ਬੁਲਾਰਿਆਂ ਨੇ ਕਿਹਾ ਕਿ ਕਾਂਗਰਸ ਨੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਮਰਹਮ ਲਾਉਣ ਦੀ ਬਜਾਏ ਵਾਰ-ਵਾਰ ਉਨ੍ਹਾਂ ਨੂੰ ਕੁਰੇਦਿਆ ਹੈ। ਦਿੱਲੀ 'ਚ 1 ਨਵੰਬਰ ਅਤੇ ਸੰਗਰੂਰ 'ਚ 4 ਨਵੰਬਰ ਨੂੰ ਆਯੋਜਿਤ ਰੈਲੀਆਂ ਇਸ ਦੀ ਤਾਜ਼ਾ ਮਿਸਾਲ ਹਨ। ਪੀੜਤਾਂ ਨੇ ਰਾਹੁਲ ਗਾਂਧੀ ਨੂੰ ਉਨ੍ਹਾਂ ਦੇ ਪਰਿਵਾਰ, ਕਾਂਗਰਸ ਪਾਰਟੀ ਅਤੇ ਕਾਂਗਰਸ ਸਰਕਾਰਾਂ ਦੀ ਕਤਲੇਆਮ 'ਚ ਭੂਮਿਕਾ ਉੱਤੇ ਖੁੱਲ੍ਹੀ ਬਹਿਸ ਦੀ ਚੁਣੌਤੀ ਵੀ ਦਿੱਤੀ।



ਆਪਣਾ ਦਰਦ ਬਿਆਨ ਕਰਦੀ ਪੀੜਤ ਔਰਤ, ਨਾਲ ਹਨ ਆਰ. ਪੀ. ਸਿੰਘ।

ਪੂਰੇ ਸੰਮੇਲਨ ਦੌਰਾਨ ਸਭ ਤੋਂ ਭਾਵੁਕ ਪਹਿਲੂ ਇਹ ਰਿਹਾ ਕਿ ਜਿੰਨਾ ਭਿਆਨਕ ਸਿੱਖ ਕਤਲੇਆਮ ਸੀ, ਉਸ ਤੋਂ ਵੀ ਵੱਧ ਪੀੜਾਦਾਇਕ ਇਨਸਾਫ਼ ਦੀ ਲੜਾਈ ਦੌਰਾਨ ਪੀੜਤਾਂ ਨਾਲ ਹੋਇਆ ਅਨਿਆਂ ਸੀ। ਅੱਜ ਵੀ ਅਨੇਕ ਪੀੜਤ ਪੂਰੇ ਇਨਸਾਫ਼ ਅਤੇ ਮੁੜ-ਵਸੇਬੇ ਲਈ ਦਰ-ਦਰ ਭਟਕਣ ਲਈ ਮਜਬੂਰ ਹਨ।

ਸੰਮੇਲਨ ਦੀ ਪੂਰੀ ਕਾਰਵਾਈ ਦਾ ਸੰਚਾਲਨ ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ. ਪੀ. ਸਿੰਘ ਨੇ ਕੀਤਾ। ਇਸ ਮੌਕੇ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ, ਪੰਜਾਬ ਮਾਮਲਿਆਂ ਦੇ ਇੰਚਾਰਜ ਡਾ. ਸਤੀਸ਼ ਪੂਨੀਆ, ਪੰਜਾਬ ਭਾਜਪਾ ਸੰਗਠਨ ਜਨਰਲ ਸਕੱਤਰ ਮੰਥਰੀ ਸ਼੍ਰੀਨਿਵਾਸੂਲੂ, ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਵਿਜੇ ਸਾਂਪਲਾ, ਮਨੋਰੰਜਨ ਕਾਲੀਆ ਅਤੇ ਅਸ਼ਵਨੀ ਸ਼ਰਮਾ (ਤਿੰਨੇ ਸਾਬਕਾ ਸੂਬਾ ਪ੍ਰਧਾਨ), ਅਨਿਲ ਸਰੀਨ, ਜੀਵਨ ਗਰਗ ਅਤੇ ਰਜਨੀਸ਼ ਧੀਮਾਨ (ਤਿੰਨੇ ਸੂਬਾ ਜਨਰਲ ਸਕੱਤਰ), ਪੰਜਾਬ ਭਾਜਪਾ ਦੇ ਸਟੇਟ ਮੀਡੀਆ ਹੈੱਡ ਵਿਨੀਤ ਜੋਸ਼ੀ, ਮਨਜੀਤ ਸਿੰਘ ਰਾਏ, ਇਕਬਾਲ ਸਿੰਘ ਲਾਲਪੁਰਾ ਸਮੇਤ ਕਈ ਹੋਰ ਆਗੂ ਹਾਜ਼ਰ ਸਨ।

ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਡਾ. ਸਤੀਸ਼ ਪੂਨੀਆ ਨੇ ਕਿਹਾ ਕਿ ਜੇਕਰ ਰਾਹੁਲ ਗਾਂਧੀ 'ਚ ਜ਼ਰਾ ਵੀ ਨੈਤਿਕ ਹਿੰਮਤ ਹੈ ਤਾਂ ਉਨ੍ਹਾਂ ਨੂੰ 1984 ਦੇ ਸਿੱਖ ਕਤਲੇਆਮ ਦੀ ਪੀੜਤ ਬੀਬੀ ਨਿਰਪ੍ਰੀਤ ਕੌਰ ਨੂੰ 1984 ਬਾਰੇ ਜਵਾਬ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਲੋਕਤੰਤਰ ਅਤੇ ਇਨਸਾਫ਼ ਦੀਆਂ ਗੱਲਾਂ ਕਰਨ ਵਾਲੇ ਰਾਹੁਲ ਗਾਂਧੀ ਨੂੰ ਕਤਲੇਆਮ ਦੇ ਪੀੜਤਾਂ ਦੇ ਦਰਦ ਦਾ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦਾ ਪਾਪ ਨਹਿਰੂ-ਗਾਂਧੀ ਪਰਿਵਾਰ ਦੇ ਮੱਥੇ 'ਤੇ ਹੈ। ਇਹ ਕਾਂਗਰਸ ਦਾ ਅਜਿਹਾ ਪਾਪ ਹੈ, ਜੋ ਇਸ ਜਨਮ 'ਚ ਮੁਆਫ਼ ਨਹੀਂ ਹੋ ਸਕਦਾ।

ਏ. ਆਈ. ਨਾਲ ਗੁਰਬਾਣੀ ਦੇ ਗਲਤ ਪ੍ਰਸਾਰ ਨੂੰ ਰੋਕਣ ਲਈ ਜਥੇ. ਗੜਗੱਜ ਦੀ ਪਹਿਲ ਸਵਾਗਤਯੋਗ : ਸਰਨਾ

ਜਲੰਧਰ, 4 ਨਵੰਬਰ (ਰਾਜੂ ਅਰੋੜਾ)-ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਗੁਰਬਾਣੀ ਦੇ ਸਬੰਧ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ. ਆਈ.) ਜ਼ਰੀਏ ਗੁਰਬਾਣੀ ਦੇ ਗਲਤ ਅਰਥਾਂ, ਫਰਜ਼ੀ ਹਵਾਲਿਆਂ ਅਤੇ ਭੁਲੇਖਾ-ਪਾਊ ਜਾਣਕਾਰੀਆਂ ਦੇ ਪ੍ਰਸਾਰ ਨੂੰ ਰੋਕਣ ਲਈ ਪਹਿਲ ਕਰਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਇਸ ਸਮੱਸਿਆ ਦੇ ਹੱਲ ਲਈ ਪ੍ਰਮੁੱਖ ਗਲੋਬਲ ਏ. ਆਈ. ਕੰਪਨੀਆਂ ਤੋਂ ਸਹਿਯੋਗ ਲੈਣ ਦੀ ਯੋਜਨਾ ਦਾ ਵੀ ਸਵਾਗਤ ਕੀਤਾ।



ਸਰਨਾ ਨੇ ਲੰਡਨ ਸਥਿਤ ਇਤਿਹਾਸਕ ਖ਼ਾਲਸਾ ਜਥਾ ਬ੍ਰਿਟਿਸ਼ ਆਇਲਜ਼ ਗੁਰਦੁਆਰਾ ਸਾਹਿਬ ਵਿਖੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੇ ਐਲਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਏ. ਆਈ. ਚੈਟਬੋਟਸ ਜ਼ਰੀਏ ਲੋਕ ਗੁਰਬਾਣੀ, ਉਸ ਦੇ ਅਨੁਵਾਦ, ਅਰਥ ਅਤੇ ਇਤਿਹਾਸਕ ਹਵਾਲਿਆਂ ਦੀ ਜਾਣਕਾਰੀ ਪ੍ਰਾਪਤ ਕਰ ਰਹੇ ਹਨ ਪਰ ਕਈ ਵਾਰ ਇਹ ਪਲੇਟਫਾਰਮ ਗੁਰਬਾਣੀ ਦੀਆਂ ਗਲਤ ਪੰਕਤੀਆਂ, ਫਰਜ਼ੀ ਹਵਾਲੇ ਅਤੇ ਵਿਗੜੀਆਂ ਵਿਆਖਿਆਵਾਂ ਪੇਸ਼ ਕਰਦੇ ਹਨ, ਜੋ ਸਿੱਖ ਸੰਗਤ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਗੰਭੀਰ ਵਿਸ਼ੇ 'ਤੇ ਪੂਰੇ ਸਿੱਖ ਪੰਥ ਨੂੰ ਤੁਰੰਤ ਅਤੇ ਸਾਂਝੇ ਤੌਰ 'ਤੇ ਧਿਆਨ ਦੇਣ ਦੀ ਲੋੜ ਹੈ। ਇਸ ਲਈ ਸਾਂਝੀ ਪੰਥਕ ਅਗਵਾਈ, ਵਿਦਵਾਨਾਂ ਦੇ ਮਾਰਗਦਰਸ਼ਨ ਅਤੇ ਤਕਨੀਕੀ ਮੁਹਾਰਤ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਇਸ ਚੁਣੌਤੀ ਨਾਲ ਨਜਿੱਠਣ ਲਈ ਪੂਰੇ ਸਿੱਖ ਪੰਥ ਨੂੰ ਇਕਜੁੱਟ ਹੋ ਕੇ ਯਤਨ ਕਰਨੇ ਪੈਣਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਵਿਦਵਾਨਾਂ, ਤਕਨੀਕੀ ਮਾਹਿਰਾਂ ਅਤੇ ਸਿੱਖ ਸੰਸਥਾਵਾਂ ਦੇ ਸਹਿਯੋਗ ਨਾਲ ਗੁਰਬਾਣੀ ਦਾ ਪ੍ਰਮਾਣਿਤ ਡਿਜੀਟਲ ਸੰਗ੍ਰਹਿ ਤਿਆਰ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਏ. ਆਈ. ਪਲੇਟਫਾਰਮ ਪ੍ਰਮਾਣਿਕ ਸਰੋਤਾਂ ਤੋਂ ਹੀ ਜਾਣਕਾਰੀ ਪ੍ਰਾਪਤ ਕਰ ਸਕਣ।

ਰਾਹੁਲ ਗਾਂਧੀ ਅਤੇ ਖੜਗੇ ਨੇ ਨਸ਼ਾ ਪੀੜਤ ਪਰਿਵਾਰਾਂ ਦੀ ਸੁਣੀ ਦਾਸਤਾਨ



ਰਾਹੁਲ ਗਾਂਧੀ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਦੇ ਹੋਏ।

ਚੰਡੀਗੜ੍ਹ/ਜਲੰਧਰ, 4 ਨਵੰਬਰ (ਅੰਕੁਰ, ਵਿਸ਼ੇਸ਼)-ਪੰਜਾਬ 'ਚ ਨਸ਼ੇ ਦੀ ਸਮੱਸਿਆ ਅਤੇ ਵਧਦੇ ਅਪਰਾਧਾਂ ਨੂੰ ਲੈ ਕੇ ਕਾਂਗਰਸ ਨੇ ਸੂਬੇ ਦੀ ਮੌਜੂਦਾ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਭਾਰਤੀ ਰਾਸ਼ਟਰੀ ਕਾਂਗਰਸ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਅੱਜ ਨਸ਼ੇ ਅਤੇ ਮਾਫ਼ੀਆ ਰਾਜ ਦੀ ਗ੍ਰਿਫ਼ਤ 'ਚ ਹੈ। ਨਸ਼ੇ ਦੀ ਆਦਤ ਨੇ ਕਈ ਪਰਿਵਾਰਾਂ ਨੂੰ ਬਰਬਾਦ ਕਰ ਦਿੱਤਾ ਹੈ, ਜਦਕਿ ਅਨੇਕ ਲੋਕਾਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ ਹੈ। ਕਾਂਗਰਸ ਵੱਲੋਂ ਸਾਂਝੀ ਕੀਤੀ ਗਈ ਪੋਸਟ 'ਚ ਸੁਖਵਿੰਦਰ ਸਿੰਘ ਅਤੇ ਗੁਰਮੇਲ ਸਿੰਘ ਦੇ ਕਤਲ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਨਸ਼ੇ ਕਾਰਨ ਕਈ ਪਰਿਵਾਰਾਂ ਨੇ ਆਪਣੇ ਪਿਆਰਿਆਂ ਨੂੰ ਗੁਆਇਆ ਹੈ। ਉੱਥੇ ਹੀ, ਪ੍ਰਕਾਸ਼ ਚੰਦ ਨੇ ਆਪਣੇ ਪੁੱਤਰ ਨੂੰ ਚਿੱਟੇ ਦੀ ਆਦਤ ਤੋਂ ਬਚਾਉਣ ਲਈ ਆਪਣੀ ਪੂਰੀ ਜਾਇਦਾਦ ਤੱਕ ਵੇਚ ਦਿੱਤੀ ਪਰ ਇਸ ਦੇ ਬਾਵਜੂਦ ਪਰਿਵਾਰ ਨੂੰ ਇਸ ਸੰਕਟ ਤੋਂ ਰਾਹਤ ਨਹੀਂ ਮਿਲ ਸਕੀ। ਇਸੇ ਤਰ੍ਹਾਂ ਟਹਿਲ ਸਿੰਘ ਨੇ ਵੀ ਨਸ਼ੇ ਕਾਰਨ ਆਪਣੇ ਦੋਵੇਂ ਪੁੱਤਰਾਂ ਨੂੰ ਗੁਆ ਦਿੱਤਾ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅੱਜ ਅਜਿਹੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

ਇਸ ਦੌਰਾਨ ਦੋਵਾਂ ਚੋਟੀ ਦੇ ਆਗੂਆਂ ਨੇ ਪਰਿਵਾਰਾਂ ਦਾ ਦੁੱਖ-ਦਰਦ ਸੁਣਿਆ ਅਤੇ ਉਨ੍ਹਾਂ ਪ੍ਰਤੀ ਹਮਦਰਦੀ ਪ੍ਰਗਟਾਈ। ਮੁਲਾਕਾਤ ਦੇ ਮਾਧਿਅਮ ਨਾਲ ਕਾਂਗਰਸ ਨੇ ਪੰਜਾਬ 'ਚ ਨਸ਼ੇ ਦੀ ਸਮੱਸਿਆ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਪੀੜ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ। ਕਾਂਗਰਸ ਨੇ ਪੰਜਾਬ ਦੀ ਜਨਤਾ ਨਾਲ ਵਾਅਦਾ ਕੀਤਾ ਕਿ ਜੇਕਰ ਸੂਬੇ 'ਚ ਕਾਂਗਰਸ ਦੀ ਸਰਕਾਰ ਬਣਦੀ ਹੈ ਤਾਂ ਨਸ਼ੇ ਅਤੇ ਮਾਫ਼ੀਆ ਰਾਜ ਨੂੰ ਜੜ੍ਹੋਂ ਖ਼ਤਮ ਕਰਨ ਲਈ ਠੋਸ ਕਦਮ ਚੁੱਕੇ ਜਾਣਗੇ।

ਪੰਜਾਬ ਦੇ ਲੋਕ 84 ਦੇ ਜ਼ਖ਼ਮਾਂ ਨੂੰ ਕਦੇ ਨਹੀਂ ਭੁੱਲ ਸਕਦੇ : ਢਿੱਲੋਂ

ਚੰਡੀਗੜ੍ਹ, 4 ਨਵੰਬਰ (ਅੰਕੁਰ)-ਭਾਜਪਾ ਪੰਜਾਬ ਵੱਲੋਂ ਚੰਡੀਗੜ੍ਹ 'ਚ 1984 ਦੇ ਸਿੱਖ ਨਸਲਕੁਸ਼ੀ 'ਤੇ ਆਯੋਜਿਤ ਇਕ ਰੋਜ਼ਾ ਸੰਮੇਲਨ 'ਜ਼ਖ਼ਮ 84 ਦੇ' ਦੌਰਾਨ ਸੰਮੇਲਨ 'ਚ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਉੱਥੇ ਮੌਜੂਦ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ 42 ਸਾਲ ਬੀਤ ਜਾਣ ਦੇ ਬਾਵਜੂਦ ਕਾਂਗਰਸ ਦਾ ਉਹ ਅਣਮਨੁੱਖੀ ਤਰਕ ਅੱਜ ਵੀ ਲੋਕਾਂ ਦੀ ਰੂਹ ਕੰਬਾ ਦਿੰਦਾ ਹੈ।



ਉਨ੍ਹਾਂ ਕਿਹਾ ਕਿ ਜੋ ਸਮਾਜ ਆਪਣੇ ਅਤੀਤ ਨੂੰ ਭੁੱਲ ਜਾਂਦਾ ਹੈ, ਉਹ ਆਪਣਾ ਭਵਿੱਖ ਵੀ ਭੁੱਲ ਜਾਂਦਾ ਹੈ। ਅਸੀਂ ਨਾ ਤਾਂ 1984 ਨੂੰ ਭੁਲਾਇਆ ਹੈ ਅਤੇ ਨਾ ਹੀ ਕਦੇ ਇਸ ਨੂੰ ਭੁੱਲਣ ਦਿਆਂਗੇ। ਇਕ ਪਾਸੇ ਰਾਹੁਲ ਗਾਂਧੀ ਸੰਗਰੂਰ 'ਚ ਰੈਲੀਆਂ ਕਰ ਕੇ ਦਿਖਾਵੇ ਲਈ 'ਇਨਸਾਫ਼' ਦੀ ਗੱਲ ਕਰ ਰਹੇ ਹਨ, ਜਦਕਿ ਪੰਜਾਬ ਦੇ ਲੋਕ ਜਾਣਦੇ ਹਨ ਕਿ ਜਿਨ੍ਹਾਂ ਲੋਕਾਂ ਨੇ ਇਹ ਜ਼ਖ਼ਮ ਦਿੱਤੇ ਹਨ, ਉਨ੍ਹਾਂ ਤੋਂ ਕਦੇ ਇਨਸਾਫ਼ ਨਹੀਂ ਮਿਲ ਸਕਦਾ। ਉਨ੍ਹਾਂ ਕਿਹਾ ਕਿ ਭਾਜਪਾ ਉਦੋਂ ਤੱਕ ਚੈਨ ਨਾਲ ਨਹੀਂ ਬੈਠੇਗੀ, ਜਦੋਂ ਤੱਕ ਆਖ਼ਰੀ ਦੋਸ਼ੀ ਨੂੰ ਵੀ ਸਜ਼ਾ ਨਹੀਂ ਦਿਵਾ ਦਿੱਤੀ ਜਾਂਦੀ।

ਕਾਂਗਰਸ ਕੋਲ ਪੰਜਾਬ ਲਈ ਨਾ ਕੋਈ ਵਿਜ਼ਨ ਤੇ ਨਾ ਕੋਈ ਲੀਡਰਸ਼ਿਪ : ਅਮਨ ਅਰੋੜਾ

ਚੰਡੀਗੜ੍ਹ/ਜਲੰਧਰ, 4 ਨਵੰਬਰ (ਅੰਕੁਰ, ਧਵਨ)-'ਆਪ' ਨੇ ਬੁੱਧਵਾਰ ਨੂੰ ਸੰਗਰੂਰ 'ਚ ਰਾਹੁਲ ਗਾਂਧੀ ਦੀ 'ਇਨਸਾਫ਼ ਰੈਲੀ' ਨੂੰ ਲੈ ਕੇ ਉਨ੍ਹਾਂ 'ਤੇ ਨਿਸ਼ਾਨਾ ਸਾਧਿਆ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਕਾਂਗਰਸ ਆਗੂ ਕੋਲ ਪੰਜਾਬ ਲਈ ਨਾ ਤਾਂ ਕੋਈ ਵਿਜ਼ਨ ਹੈ ਅਤੇ ਨਾ ਹੀ ਕੋਈ ਲੀਡਰਸ਼ਿਪ ਅਤੇ ਉਹ ਇਕ ਵਾਰ ਫਿਰ ਸੂਬੇ ਦੇ ਭਵਿੱਖ ਲਈ ਕੋਈ ਰੋਡਮੈਪ ਪੇਸ਼ ਕਰਨ 'ਚ ਅਸਫ਼ਲ ਰਹੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨਸਾਫ਼ ਦੀ ਗੁਹਾਰ ਲਾਉਣ ਵਾਲੇ ਰਾਹੁਲ ਗਾਂਧੀ ਨੇ ਕਾਂਗਰਸ ਭਵਨ ਦੇ ਅੰਦਰ ਇਕ ਸੀਨੀਅਰ ਦਲਿਤ ਆਗੂ 'ਤੇ ਹੋਏ ਹਮਲੇ ਬਾਰੇ ਇਕ ਵੀ ਸ਼ਬਦ ਨਹੀਂ ਕਿਹਾ। ਅਮਨ ਅਰੋੜਾ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਲੀਡਰਸ਼ਿਪ ਦੋਵਾਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਰਾਹੁਲ ਗਾਂਧੀ ਦੇ ਜਨਤਕ ਬਿਆਨਾਂ 'ਚ ਸੀਨੀਅਰ ਦਲਿਤ ਆਗੂ ਲਈ ਇਨਸਾਫ਼ ਦਾ ਜ਼ਿਕਰ ਕਿਉਂ ਨਹੀਂ ਸੀ?



ਉੱਧਰ ਪੰਜਾਬ 'ਚ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਉਦਯੋਗ ਅਤੇ ਵਣਜ ਮੰਤਰੀ ਅਮਨ ਅਰੋੜਾ ਨੇ 'ਪੰਜਾਬ ਇਨਵੈਸਟਰ ਸਰਕਲ 2.0' ਦੀ ਸ਼ੁਰੂਆਤ ਕੀਤੀ। ਇਸ ਮੌਕੇ 28 ਸਟਾਰਟਅੱਪਸ ਨੂੰ ਕਾਰੋਬਾਰ ਦੇ ਵਿਸਥਾਰ ਅਤੇ ਨਵੀਆਂ ਤਕਨੀਕਾਂ ਦੇ ਵਿਕਾਸ ਲਈ 1.17 ਕਰੋੜ ਰੁਪਏ ਦੀ ਸੀਡ ਗ੍ਰਾਂਟ ਵੰਡੀ ਗਈ।

ਚੰਨੀ ਤੇ ਰੰਧਾਵਾ ਨੇ ਖੜਗੇ ਤੇ ਰਾਹੁਲ ਗਾਂਧੀ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ/ਜਲੰਧਰ, 4 ਨਵੰਬਰ (ਅੰਕੁਰ, ਵਿਸ਼ੇਸ਼)-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਦੇ ਸਿਆਸੀ ਹਾਲਾਤ ਬਾਰੇ ਜਾਣਕਾਰੀ ਦਿੱਤੀ।

ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸੂਬੇ 'ਚ ਕਾਂਗਰਸ ਸਰਕਾਰ ਲਿਆਉਣ ਲਈ ਜ਼ਰੂਰੀ ਹੈ ਕਿ 'ਆਪ' ਪਾਰਟੀ ਨੂੰ ਸੂਬੇ 'ਚੋਂ ਚਲਦਾ ਕੀਤਾ ਜਾਵੇ।



ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਮੱਲਿਕਾਰਜੁਨ ਖੜਗੇ ਨਾਲ ਮੁਲਾਕਾਤ ਕਰਦੇ ਚਰਨਜੀਤ ਸਿੰਘ ਚੰਨੀ ਅਤੇ ਸੁਖਜਿੰਦਰ ਸਿੰਘ ਰੰਧਾਵਾ।

ਚੰਨੀ ਨੇ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਦਾ ਧਿਆਨ ਕਾਂਗਰਸ ਵੱਲ ਪਿਛਲੇ ਕੁਝ ਦਿਨਾਂ ਤੋਂ ਵਧਿਆ ਹੈ, ਉਸ ਨੂੰ ਦੇਖਦਿਆਂ ਜ਼ਰੂਰੀ ਹੈ ਕਿ ਹੁਣ ਪਾਰਟੀ ਹੋਰ ਮਜ਼ਬੂਤੀ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਅੱਗੇ ਵਧੇ ਅਤੇ 'ਆਪ' ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰੇ। ਚੰਨੀ ਨੇ ਕੁਝ ਸਮੇਂ ਲਈ ਵੱਖਰੇ ਤੌਰ 'ਤੇ ਰਾਹੁਲ ਗਾਂਧੀ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਦੀ ਜ਼ਮੀਨੀ ਹਕੀਕਤ ਤੋਂ ਜਾਣੂ ਕਰਵਾਇਆ।

ਨੋਟਿਸ

ਵਿਸ਼ਾ : ਦਰਖਾਸਤ ਬਾਬਤ ਮਾਲ ਰਿਕਾਰਡ ਸਬੰਧੀ ਦ/ਵ ਜਸਵਿੰਦਰ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਹਾਲ ਪਤਨੀ ਜਸਪਾਲ ਸਿੰਘ ਵਾਸੀ ਨੇੜੇ ਧਰਮਸ਼ਾਲਾ ਪਿੰਡ ਚੰਦਭਾਨ ਤਹਿ. ਜੈਤੋ ਜ਼ਿਲਾ ਫਰੀਦਕੋਟ

ਉਪਰੋਕਤ ਵਿਸ਼ੇ ਸੰਬੰਧੀ ਨਿਮਨ ਹਸਤਾਖ਼ਰ ਦੇ ਦਫਤਰ 'ਚ ਪੇਸ਼ ਹੋ ਕੇ ਬੇਨਤੀ ਕੀਤੀ ਕਿ ਰਿਕਾਰਡ ਮਾਲ ਵਾਕਿਆ ਪਿੰਡ ਦੀਨਾ ਤਹਿ. ਨਿਹਾਲ ਸਿੰਘ ਵਾਲਾ ਜ਼ਿਲਾ ਮੋਗਾ ਦੀ ਜਮ੍ਹਾਂਬੰਦੀ ਸਾਲ 2021-2022 ਦੀ ਖੇਵਟ ਨੰਬਰ 129-130-131-132-133-715-716-717-718 'ਚ ਉਸ ਦਾ ਨਾਮ ਚਰਨਜੀਤ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਦਰਜ ਹੈ ਜੋ ਕਿ ਉਸ ਦੇ ਪੇਕੇ ਪਿੰਡ ਦਾ ਨਾਮ ਹੈ। ਪਰੰਤੂ ਉਸ ਦੇ ਨਾਲ ਸੰਬੰਧਤ ਆਧਾਰ ਕਾਰਡ, ਵੋਟਰ ਕਾਰਡ, ਪੈਨ ਕਾਰਡ, ਬੈਂਕ ਖਾਤਾ ਵਗੈਰਾ ਅਤੇ ਉਸ ਦੇ ਬੱਚਿਆਂ ਨਾਲ ਸੰਬੰਧਤ ਰਿਕਾਰਡ 'ਚ ਉਸ ਦਾ ਨਾਮ ਜਸਵਿੰਦਰ ਕੌਰ ਦਰਜ ਹੈ ਜੋ ਕਿ ਸਹੀ ਨਾਂ ਹੈ। ਹੁਣ ਉਹ ਰਿਕਾਰਡ ਮਾਲ 'ਚ ਵੀ ਆਪਣਾ ਨਾਮ ਚਰਨਜੀਤ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਤਬਦੀਲ ਕਰਵਾਉਣਾ ਚਾਹੁੰਦੀ ਹੈ। ਦੋਵੇਂ ਨਾਂ ਉਸੇ ਇਕ ਹੀ ਔਰਤ ਦੇ ਹਨ ਅਤੇ ਉਹ ਆਪਣੇ ਦੋਵਾਂ ਨਾਵਾਂ ਸੰਬੰਧੀ ਹਰ ਤਰ੍ਹਾਂ ਨਾਲ ਸੰਬੰਧਤ ਜ਼ਿੰਮੇਵਾਰ ਹੈ। ਜੇਕਰ ਭਵਿੱਖ 'ਚ ਉਸ ਦੇ ਨਾਵਾਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕੋਈ ਹੇਰਾਫੇਰੀ ਸਾਬਤ ਹੋਈ ਤਾਂ ਉਹ ਹਰ ਤਰ੍ਹਾਂ ਨਾਲ ਜ਼ਿੰਮੇਵਾਰ ਹੋਵੇਗੀ। ਕਿਰਪਾ ਕਰਕੇ ਉਸ ਨਾਲ ਸੰਬੰਧਤ ਰਿਕਾਰਡ ਮਾਲ ਵਾਕਿਆ ਦੀਨਾ ਤਹਿ. ਨਿਹਾਲ ਸਿੰਘ ਵਾਲਾ ਜ਼ਿਲਾ ਮੋਗਾ ਨਾਲ ਚਰਨਜੀਤ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਦੀ ਬਜਾਏ ਚਰਨਜੀਤ ਕੌਰ ਉਰਫ ਜਸਵਿੰਦਰ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਤਬਦੀਲ ਕੀਤਾ ਜਾਵੇ ਜੀ।

ਦੋਨੋਂ ਨਾਮ ਦੀ ਤਸਦੀਕ ਜਸਵਿੰਦਰ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਹਾਲ ਪਤਨੀ ਜਸਪਾਲ ਸਿੰਘ ਨੇੜੇ ਧਰਮਸ਼ਾਲਾ ਪਿੰਡ ਚੰਦਭਾਨ ਤਹਿ. ਜੈਤੋ ਜ਼ਿਲਾ ਫਰੀਦਕੋਟ-ਬਲਜੀਤ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਹਾਲ ਪਤਨੀ ਬਲਵੀਰ ਸਿੰਘ ਵਾਸੀ ਫੇਸ-4 ਅਰਬਨ ਅਸਟੇਟ ਬਠਿੰਡਾ - ਸਰਬਜੀਤ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਹਾਲ ਪਤਨੀ ਧਰਮਿੰਦਰ ਸਿੰਘ ਵਾਸੀ ਪੱਤੀ ਸੇਲ ਪਿੰਡ ਮਹਿਰਾਜ ਤਹਿ. ਫੂਲ ਜ਼ਿਲਾ ਬਠਿੰਡਾ- ਨਵਪ੍ਰੀਤ ਸਿੰਘ ਪੁੱਤਰ ਸੌਦਾਗਰ ਸਿੰਘ ਵਾਸੀ ਦੀਨਾ ਤਹਿਸੀਲ ਨਿਹਾਲ ਸਿੰਘ ਵਾਲਾ ਜ਼ਿਲਾ ਮੋਗਾ- ਜਗਦੇਵ ਸਿੰਘ ਪੁੱਤਰ ਨਾਜਰ ਸਿੰਘ ਵਾਸੀ ਦੀਨਾ ਤਹਿ. ਨਿਹਾਲ ਸਿੰਘ ਵਾਲਾ ਜ਼ਿਲਾ ਮੋਗਾ ਵੱਲੋਂ ਕੀਤੀ ਗਈ ਹੈ।

ਇਸ ਲਈ ਪੰਜਾਬ ਸਰਕਾਰ ਦੇ ਮੀਮੋ ਨੰਬਰ 25/78/2012-ਭਮ-2/12445-71 ਚੰਡੀਗੜ੍ਹ ਮਿਤੀ 26-7-2013 ਦੇ ਹਵਾਲੇ ਮੁਤਾਬਕ ਮਾਲ ਰਿਕਾਰਡ 'ਚ ਨਾਮ ਤਬਦੀਲੀ ਕਰਾਉਣੀ ਹੈ। ਹੁਣ ਮਾਲ ਰਿਕਾਰਡ 'ਚ ਚਰਨਜੀਤ ਕੌਰ ਉਰਫ ਜਸਵਿੰਦਰ ਕੌਰ ਪੁੱਤਰੀ ਜਸਵੰਤ ਸਿੰਘ ਪੁੱਤਰ ਪੰਜਾਬ ਸਿੰਘ ਦਾ ਇਤਰਾਜ਼ ਕਰਵਾਉਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਸ ਦਫਤਰ 'ਚ ਆਪਣਾ ਇਤਰਾਜ਼ 10 ਦਿਨਾਂ ਦੇ ਅੰਦਰ ਅੰਦਰ ਪੇਸ਼ ਕਰ ਸਕਦਾ ਹੈ ਬਾਅਦ ਗੁਜਰਨੇ ਮਿਆਦ ਕੋਈ ਵੀ ਇਤਰਾਜ਼ ਕਾਬਲੇ ਗੌਰ ਨਹੀਂ ਹੋਵੇਗਾ।

ਨੰਬਰ.... 30. ..../ ਰੀਡਰ
ਮਿਤੀ 28/9/2026

ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ
ਨਿਹਾਲ ਸਿੰਘ ਵਾਲਾ, ਜ਼ਿਲਾ ਮੋਗਾ।

ਪੁਲਸ ਨੂੰ ਚਕਮਾ ਦੇ ਕੇ ਮੁਲਜ਼ਮ ਫ਼ਰਾਰ

ਅੰਮ੍ਰਿਤਸਰ, 4 ਨਵੰਬਰ (ਜਸ਼ਨ)-ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਤੋਂ ਪੁਲਸ ਹਿਰਾਸਤ ਵਿਚ ਮੌਜੂਦ ਨਸ਼ਾ ਸਮੱਗਲਿੰਗ ਦੇ ਮਾਮਲੇ ਵਿਚ ਗ੍ਰਿਫ਼ਤਾਰ ਇਕ ਮੁਲਜ਼ਮ ਪੁਲਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ। ਫ਼ਰਾਰ ਮੁਲਜ਼ਮ ਦੀ ਪਛਾਣ ਸੰਦੀਪ ਸਿੰਘ ਉਰਫ਼ ਕਾਲੀ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਥਾਣਾ ਸਿਵਲ ਲਾਈਨ ਦੀ ਪੁਲਸ ਨੇ ਸੰਦੀਪ ਸਿੰਘ ਉਰਫ਼ ਕਾਲੀ ਨੂੰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਨਾਲ ਜੁੜੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ। ਦੱਸਿਆ ਜਾ ਰਿਹਾ ਹੈ ਕਿ ਬੀਤੀ ਰਾਤ ਕਿਸੇ ਕਾਰਨਾਂ ਕਰ ਕੇ ਪੁਲਸ ਟੀਮ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਲੈ ਕੇ ਪਹੁੰਚੀ ਸੀ। ਇਸੇ ਦੌਰਾਨ ਮੁਲਜ਼ਮ ਪੁਲਸ ਨੂੰ ਚਕਮਾ ਦੇ ਕੇ ਹਸਪਤਾਲ ਕੰਪਲੈਕਸ ਤੋਂ ਫ਼ਰਾਰ ਹੋ ਗਿਆ।

COURT NOTICE
(U/o 5 Rule 20 CPC)

In the Court of Parminder Kaur Bains Civil Judge (Senior Division) Amritsar
Manmohan Singh Aulakh Son of Jaswant Singh R/o Flat No.8, Police Officers Colony, Anand Avenue, Amritsar

Vs.

Palwinder Singh
CNR No: PBAS02-000371-2021
Next Date: 17-11-2026
Suit for awarding Undetermined, Unspecified and Un-liquidated Damages/ Compensation to plaintiff
Publication issued to: **Palwinder Singh Son:- Sulakhan Singh C/o Flying Hawk Company, Opposite Khalsa College, Gate No.4, Amritsar Permanent Address resident of Village Bua Nangali Post Office Adliwal, Tehsil Ajnala (Police Station Rajasansi), Distt. Amritsar**
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 17-11-2026 at 10 am
For details logon to https://highcourtchd.gov.in/?trs=district_notice&district=Amritsar
Sd/-Civil Judge (Senior Division) Amritsar
Dated, this day of 02-11-2026

ਬਾ-ਅਦਾਲਤ ਜਗਤਾਰ ਸਿੰਘ ਤਹਿਸੀਲਦਾਰ-ਕਮ-ਏ. ਸੀ. ਦਰਜਾ ਅੱਵਲ, ਫਗਵਾੜਾ।

ਸ਼੍ਰੀਮਤੀ ਸੁਰਿੰਦਰ ਕੁਮਾਰੀ
ਪਤਨੀ ਕਿਸ਼ਨ ਦਾਸ ਪੁੱਤਰ ਕਰਤਾਰ ਚੰਦ,
ਵਾਸੀ 151, ਚੱਕ ਹਕੀਮ, ਫਗਵਾੜਾ,
ਜ਼ਿਲਾ ਕਪੂਰਥਲਾ। ਬਨਾਮ ਆਮ ਲੋਕ

ਸ਼੍ਰੀਮਤੀ ਸੁਰਿੰਦਰ ਕੁਮਾਰੀ ਪਤਨੀ ਕਿਸ਼ਨ ਦਾਸ ਪੁੱਤਰ ਕਰਤਾਰ ਚੰਦ, ਵਾਸੀ 151, ਚੱਕ ਹਕੀਮ, ਫਗਵਾੜਾ, ਜ਼ਿਲਾ ਕਪੂਰਥਲਾ ਨੇ ਇਕ ਦਰਖਾਸਤ ਅਤੇ ਬਿਆਨ ਹਲਫੀਆ ਰਾਹੀਂ ਬੇਨਤੀ ਕੀਤੀ ਹੈ ਕਿ ਮੈਂ ਵਾਕਿਆ ਰਕਬਾ ਪਿੰਡ ਚੱਕ ਹਕੀਮ ਤਹਿਸੀਲ ਫਗਵਾੜਾ ਵਿਚ ਖੇਵਟਦਾਰ ਹਾਂ। ਮੇਰਾ ਨਾਮ ਸੁਰਿੰਦਰ ਕੁਮਾਰੀ ਪਤਨੀ ਕਿਸ਼ਨ ਦਾਸ ਪੁੱਤਰ ਕਰਤਾਰ ਚੰਦ ਹੈ ਪਰ ਰਿਕਾਰਡ ਮਾਲ ਵਿਚ ਮੇਰਾ ਨਾਮ ਸ਼ੰਭੀ ਪਤਨੀ ਕਿਸ਼ਨ ਦਾਸ ਪੁੱਤਰ ਕਰਤਾਰ ਚੰਦ ਚਲ ਰਿਹਾ ਹੈ। ਬੇਨਤੀ ਕੀਤੀ ਹੈ ਕਿ ਰਿਕਾਰਡ ਮਾਲ ਵਿਚ ਉਸ ਦੇ ਨਾਮ ਦੀ ਦਰੁਸਤੀ ਕੀਤੀ ਜਾਵੇ।

ਇਸ ਇਸ਼ਤਿਹਾਰ ਰਾਹੀਂ ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਚੱਕ ਹਕੀਮ ਤਹਿਸੀਲ ਫਗਵਾੜਾ ਵਿਚ ਸ਼ੰਭੀ ਉਰਫ ਸੁਰਿੰਦਰ ਕੁਮਾਰੀ ਪਤਨੀ ਕਿਸ਼ਨ ਦਾਸ ਪੁੱਤਰ ਕਰਤਾਰ ਚੰਦ ਦੇ ਨਾਮ ਦੀ ਦਰੁਸਤੀ ਕਰਨ ਵਿਚ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਖੁਦ, ਅਸਾਲਤਨ/ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿਚ ਇਸ਼ਤਿਹਾਰ, ਅਖਬਾਰ ਵਿਚ ਛਾਪਿਆ ਹੋਣ ਦੀ ਮਿਤੀ ਤੋਂ 15 ਦਿਨ ਦੇ ਅੰਦਰ ਅੰਦਰ ਹਾਜ਼ਰ ਹੋ ਕਰ ਆਪਣਾ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਉਕਤ ਅਨੁਸਾਰ ਰਿਕਾਰਡ ਮਾਲ ਵਿਚ ਦਰੁਸਤੀ ਕਰਨ ਹਿੱਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 03.11.2026 ਨੂੰ ਮੇਰੇ ਦਸਤਖ਼ਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਤਹਿਸੀਲਦਾਰ
ਫਗਵਾੜਾ।

ਪਿੰਠ ਅੰਕਣ ਨੰਬਰ384 /ਰੀਡਰ-1 ਮਿਤੀ 3.11.26

ਪਰਵਿੰਦਰ ਝੋਟਾ ਦੇ ਅੰਤਿਮ ਸੰਸਕਾਰ ਲਈ ਪਰਿਵਾਰ ਰਾਜ਼ੀ, ਸਰਕਾਰ ਨੇ ਕਈ ਮੰਗਾਂ ਮੰਨੀਆਂ

ਪਰਿਵਾਰ ਨੂੰ 2 ਕਰੋੜ ਮੁਆਵਜ਼ਾ ਤੇ ਨੌਕਰੀ ਦਾ ਭਰੋਸਾ

ਮਾਨਸਾ, 4 ਨਵੰਬਰ (ਸੰਦੀਪ ਮਿੱਤਲ)-ਪਰਵਿੰਦਰ ਸਿੰਘ ਝੋਟਾ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਸੰਘਰਸ਼ ਦੇ 23ਵੇਂ ਦਿਨ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਅਤੇ ਐਕਸ਼ਨ ਕਮੇਟੀ ਵਿਚਕਾਰ 5 ਘੰਟੇ ਤੱਕ ਚੱਲੀ ਬੈਠਕ 'ਚ ਲੱਖਾ ਸਿਧਾਣਾ ਅਤੇ ਹੋਰ ਆਗੂਆਂ ਦੀ ਰਿਹਾਈ ਸਮੇਤ ਹੋਰ ਮੰਗਾਂ 'ਤੇ ਸਹਿਮਤੀ ਬਣ ਗਈ। ਉੱਥੇ ਹੀ ਸਰਕਾਰ ਵੱਲੋਂ ਪਰਿਵਾਰ ਨੂੰ 2 ਕਰੋੜ ਮੁਆਵਜ਼ਾ ਅਤੇ ਨੌਕਰੀ ਦਾ ਭਰੋਸਾ ਮਿਲਿਆ ਹੈ।



ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਨਾਲ ਬੈਠਕ ਦੌਰਾਨ ਮੌਜੂਦ ਇਨਸਾਫ਼ ਕਮੇਟੀ ਤੇ ਪਰਵਿੰਦਰ ਝੋਟਾ ਦੇ ਪਰਿਵਾਰਕ ਮੈਂਬਰ। (ਮਿੱਤਲ)

ਜ਼ਿਕਰਯੋਗ ਹੈ ਕਿ ਮਾਨਸਾ ਦੇ ਸਾਬਕਾ ਡੀ. ਸੀ. ਅਤੇ ਡਾਇਰੈਕਟਰ ਉਚੇਰੀ ਸਿੱਖਿਆ ਕਲਵੰਤ ਸਿੰਘ ਰਾਏ ਆਈ. ਏ. ਐੱਸ. ਅਤੇ ਮਾਨਸਾ ਦੇ ਸਾਬਕਾ ਐੱਸ. ਐੱਸ. ਪੀ. ਅਤੇ ਪੰਜਾਬ ਦੇ ਮੌਜੂਦਾ ਏ. ਡੀ. ਜੀ. ਪੀ. ਗੌਤਮ ਚੀਮਾ ਨੇ ਸੰਘਰਸ਼ ਕਮੇਟੀ ਨਾਲ ਵਾਰ-ਵਾਰ ਮੀਟਿੰਗਾਂ ਕੀਤੀਆਂ, ਜਿਸ ਤੋਂ ਬਾਅਦ ਸਹਿਮਤੀ ਬਣੀ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪੁਲਸ ਦੇ ਉੱਚ ਅਧਿਕਾਰੀਆਂ ਨਾਲ ਹੋਈ ਬੈਠਕ 'ਚ ਤੈਅ ਹੋਇਆ ਕਿ ਆਗੂਆਂ ਦੀ ਰਿਹਾਈ ਤੋਂ ਬਾਅਦ ਹੀ ਪੀ. ਜੀ. ਆਈ. 'ਚ ਪੋਸਟਮਾਰਟਮ ਅਤੇ ਅੰਤਿਮ ਸੰਸਕਾਰ ਕੀਤਾ ਜਾਵੇਗਾ। ਇਸ ਦੇ ਨਾਲ ਹੀ 5 ਨਵੰਬਰ ਨੂੰ ਮੁੱਖ ਮੰਤਰੀ ਰਿਹਾਇਸ਼ ਦੇ ਘਿਰਾਓ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਹੈ। ਦਲਜੀਤ ਸਿੰਘ ਭੰਮੇ ਦੇ ਪਰਿਵਾਰ ਨੂੰ ਵੀ ਨੌਕਰੀ ਅਤੇ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ ਹੈ।

ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਬੈਠਕ ਦੌਰਾਨ ਜੇਲਾਂ 'ਚ ਬੰਦ ਲੱਖਾ ਸਿਧਾਣਾ ਅਤੇ ਹੋਰ ਆਗੂਆਂ ਦੀ ਰਿਹਾਈ ਦੇ ਮੁੱਦੇ 'ਤੇ ਕਈ ਘੰਟੇ ਤੱਕ ਖੜੋਤ ਬਣੀ ਰਹੀ। ਫਿਰ ਖਿਆਲਾ ਕਲਾਂ 'ਚ ਪਰਵਿੰਦਰ ਝੋਟਾ ਦੇ ਨਾਂ 'ਤੇ ਟਰਾਮਾ ਸੈਂਟਰ ਬਣਾਉਣ ਲਈ ਇਕ ਹਫ਼ਤੇ ਦੇ ਅੰਦਰ ਮਨਜ਼ੂਰੀ ਦੇਣ 'ਤੇ ਸਹਿਮਤੀ ਬਣੀ। ਸਿੱਧੂ ਨੇ ਦੱਸਿਆ ਕਿ ਐਕਸ਼ਨ ਕਮੇਟੀ ਨੇ ਗ੍ਰਿਫ਼ਤਾਰ ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਅਤੇ ਉਨ੍ਹਾਂ ਖ਼ਿਲਾਫ਼ ਦਰਜ ਮਾਮਲੇ ਰੱਦ ਕਰਨ ਦੀ ਮੰਗ ਰੱਖੀ। ਇਸ ਤੋਂ ਇਲਾਵਾ ਸਬੰਧਤ ਪੁਲਸ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਖ਼ਿਲਾਫ਼ ਸਮਾਂਬੱਧ ਉੱਚ ਪੱਧਰੀ ਜਾਂਚ ਕਰਵਾਉਣ ਅਤੇ ਪਰਵਿੰਦਰ ਝੋਟਾ ਦੇ ਪਰਿਵਾਰ ਨੂੰ ਨੌਕਰੀ ਤੇ ਮੁਆਵਜ਼ਾ ਦੇਣ ਦਾ ਭਰੋਸਾ ਦਿੱਤਾ ਗਿਆ। ਕਮੇਟੀ ਦੀਆਂ ਮੰਗਾਂ 'ਚ 13 ਅਕਤੂਬਰ ਤੋਂ ਸ਼ੁਰੂ ਹੋਏ ਸੰਘਰਸ਼ ਦੌਰਾਨ ਭੰਮੇ ਕਲਾਂ, ਬੁਢਲਾਡਾ ਅਤੇ ਅਕਲੀਆ ਨਾਲ ਸਬੰਧਤ ਦਰਜ ਮਾਮਲਿਆਂ ਤੋਂ ਇਲਾਵਾ ਪੰਜਾਬ ਭਰ 'ਚ ਫਲੈਕਸ ਪਾੜਨ ਨੂੰ ਲੈ ਕੇ ਦਰਜ ਮਾਮਲੇ ਅਤੇ ਪਰਵਿੰਦਰ ਝੋਟਾ ਦੇ ਪਿਤਾ ਤੇ ਐਂਟੀ ਡਰੱਗ ਟਾਸਕ ਫੋਰਸ ਦੇ ਕਰਮਚਾਰੀਆਂ ਖ਼ਿਲਾਫ਼ ਪਹਿਲਾਂ ਤੋਂ ਦਰਜ ਮਾਮਲੇ ਰੱਦ ਕਰਨਾ ਸ਼ਾਮਲ ਸੀ।

ਦਲਿਤ ਆਗੂ ਨਾਲ ਕੁੱਟਮਾਰ ਦੇ ਵਿਰੋਧ 'ਚ 'ਆਪ' ਨੇ ਘੇਰਿਆ ਪੰਜਾਬ ਕਾਂਗਰਸ ਭਵਨ

ਚੰਡੀਗੜ੍ਹ, 4 ਨਵੰਬਰ (ਹਰਿਸ਼ਚੰਦਰ, ਅੰਕੁਰ)-ਸੀਨੀਅਰ ਦਲਿਤ ਕਾਂਗਰਸ ਆਗੂ ਰਣਜੀਤ ਸਿੰਘ ਤਰਖਾਣ ਮਾਜਰਾ ਨਾਲ ਕਥਿਤ ਕੁੱਟਮਾਰ ਦੇ ਵਿਰੋਧ 'ਚ ਆਮ ਆਦਮੀ ਪਾਰਟੀ (ਆਪ) ਨੇ ਬੁੱਧਵਾਰ ਨੂੰ ਚੰਡੀਗੜ੍ਹ ਸਥਿਤ ਪੰਜਾਬ ਕਾਂਗਰਸ ਭਵਨ ਦਾ ਘਿਰਾਓ ਕੀਤਾ। ਪ੍ਰਦਰਸ਼ਨਕਾਰੀਆਂ ਨੇ ਕਾਂਗਰਸ ਆਗੂ ਬਰਿੰਦਰ ਸਿੰਘ ਢਿੱਲੋਂ ਖ਼ਿਲਾਫ਼ ਕਾਰਵਾਈ, ਪਾਰਟੀ ਤੋਂ ਬਰਖ਼ਾਸਤਗੀ ਅਤੇ ਐੱਸ. ਸੀ./ਐੱਸ. ਟੀ. ਐਕਟ ਤਹਿਤ ਮਾਮਲਾ ਦਰਜ ਕਰਨ ਦੀ ਮੰਗ ਕੀਤੀ।



ਪ੍ਰਦਰਸ਼ਨਕਾਰੀਆਂ 'ਤੇ ਪਾਣੀ ਦੀਆਂ ਵਾਛੜਾਂ ਮਾਰਦੀ ਪੁਲਸ।

ਇਸ ਦੌਰਾਨ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਲਾਠੀਚਾਰਜ ਅਤੇ ਪਾਣੀ ਦੀਆਂ ਵਾਛੜਾਂ ਦੀ ਵਰਤੋਂ ਕੀਤੀ। ਕਈ 'ਆਪ' ਆਗੂਆਂ ਨੂੰ ਹਿਰਾਸਤ 'ਚ ਲੈ ਕੇ ਸੈਕਟਰ-17 ਥਾਣੇ ਲਿਜਾਇਆ ਗਿਆ।

ਪ੍ਰਦਰਸ਼ਨ ਦੀ ਅਗਵਾਈ ਕਰਦਿਆਂ 'ਆਪ' ਆਗੂ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਾਂਗਰਸ ਦਾ ਦਲਿਤਾਂ ਅਤੇ ਸਿੱਖਾਂ ਉੱਤੇ ਅੱਤਿਆਚਾਰ ਦਾ ਲੰਬਾ ਇਤਿਹਾਸ ਰਿਹਾ ਹੈ। ਉਨ੍ਹਾਂ ਰਾਹੁਲ ਗਾਂਧੀ ਨੂੰ ਸਵਾਲ ਕੀਤਾ ਕਿ ਆਪਣੀ ਕਥਿਤ 'ਇਨਸਾਫ਼ ਰੈਲੀ' ਦੇ ਬਾਵਜੂਦ ਕਾਂਗਰਸ ਆਪਣੇ ਹੀ ਸੀਨੀਅਰ ਦਲਿਤ ਆਗੂ ਨੂੰ ਇਨਸਾਫ਼ ਕਿਉਂ ਨਹੀਂ ਦਿਵਾ ਸਕੀ। ਉਨ੍ਹਾਂ ਦੋਸ਼ ਲਾਇਆ ਕਿ ਤਰਖਾਣ ਮਾਜਰਾ ਨੂੰ ਉਨ੍ਹਾਂ ਦੇ ਪੁੱਤਰ ਦੇ ਸਾਹਮਣੇ ਬੇਇੱਜ਼ਤ ਕੀਤਾ ਗਿਆ ਪਰ ਕਾਂਗਰਸ ਲੀਡਰਸ਼ਿਪ ਨੇ ਕੋਈ ਕਾਰਵਾਈ ਨਹੀਂ ਕੀਤੀ। ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਕਿਹਾ ਕਿ ਕਾਂਗਰਸ ਦਲਿਤਾਂ ਨੂੰ ਸਿਰਫ਼ ਵੋਟ ਬੈਂਕ ਵਜੋਂ ਵਰਤਦੀ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਬਰਿੰਦਰ ਸਿੰਘ ਢਿੱਲੋਂ ਨੂੰ ਪਾਰਟੀ ਤੋਂ ਬਰਖ਼ਾਸਤ ਕਰ ਕੇ ਉਨ੍ਹਾਂ ਖ਼ਿਲਾਫ਼ ਐੱਸ.ਸੀ./ਐੱਸ.ਟੀ. ਐਕਟ ਤਹਿਤ ਕੇਸ ਦਰਜ ਕੀਤਾ ਜਾਵੇ।

punjab national bank ...Together for the better

ਸਰਕਲ ਆਫਿਸ-ਐੱਸ. ਏ. ਐੱਮ.-ਪਠਾਨਕੋਟ
(ਨੇੜੇ ਕਮਲ ਸਵੀਟਸ, ਸ਼ੈਲੀ ਰੋਡ, ਪਠਾਨਕੋਟ-145001)(ਫੋਨ ਨੰ. 88728 27770, 92162 24491, 96825 65741)
ਈ-ਮੇਲ : copathansam@pnb.bank.in

ਈ-ਨਿਲਾਮੀ/ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (†) ਤੇ ਗਾਰੰਟਰ (†) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਅਸਲ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (†) ਤੇ ਗਾਰੰਟਰ (†) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਕਰਜ਼ਦਾਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (†) ਦੇ ਮਾਰਟਗੇਜਰ)	ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(4) ਤਹਿਤ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ-ਸੰਕੇਤਕ/ਭੌਤਿਕ/ਰਚਨਾਤਮਕ	ਈ-ਨਿਲਾਮੀ ਦੀ ਮਿਤੀ/ਸਮਾਂ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰਾਂ ਦੇ ਵੇਰਵੇ	(ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਬੀ. ਓ. ਐੱਸ. ਐੱਸ. ਸੀ. ਪਠਾਨਕੋਟ (1) ਦਿਨੇਸ਼ ਕੁਮਾਰ ਪੁੱਤਰ ਰਮੇਸ਼ ਕੁਮਾਰ, ਮਕਾਨ ਨੰ. ਬੀ/1/97, ਲਾਮਿਨੀ ਰੋਡ, ਕਾਜ਼ੀਪੁਰਾ ਮੁਹੱਲਾ, ਪਠਾਨਕੋਟ, ਪੰਜਾਬ-143001, ਮੋਬ. 9646299228, (2) ਨੀਲਮ ਪਤਨੀ ਰਮੇਸ਼ ਕੁਮਾਰ, ਮਕਾਨ ਨੰ. ਬੀ/1/97, ਲਾਮਿਨੀ ਰੋਡ, ਕਾਜ਼ੀਪੁਰਾ ਮੁਹੱਲਾ, ਪਠਾਨਕੋਟ, ਪੰਜਾਬ-143001.	ਟਾਈਟਲ ਡੀਡ ਨੰ. 1509 ਮਿਤੀ 16.06.2015 ਵਾਲੀ ਜ਼ਮੀਨ ਤੇ ਇਮਾਰਤ, ਜਿਸ ਦਾ ਖਸਰਾ ਨੰ. 95/1(2-9) ਹੈ। ਇਸ ਦਾ 2/49 ਹਿੱਸਾ 0-2 ਦੀ ਪੈਮਾਇਸ਼ ਵਾਲੀ ਜ਼ਮੀਨ ਦੀ ਹੱਦ ਤਕ ਹੈ। ਖੇਵਟ ਨੰ. 99/102, ਖਤੌਨੀ ਨੰ. 174, ਹੱਦਬਸਤ ਨੰ. 340 ਹੈ। ਇਹ ਜਾਇਦਾਦ ਲਾਮਿਨੀ ਰੋਡ, ਕਾਜ਼ੀਪੁਰਾ ਮੁਹੱਲਾ, ਪਠਾਨਕੋਟ ਵਿਖੇ ਸਥਿਤ ਹੈ ਅਤੇ ਨੀਲਮ ਪਤਨੀ ਰਮੇਸ਼ ਕੁਮਾਰ ਦੇ ਨਾਂ 'ਤੇ ਹੈ। ਹੱਦਬੰਦੀ—ਪੂਰਬ : ਹਰਬੰਸ ਲਾਲ ਦਾ ਮਕਾਨ, ਪੱਛਮ : ਬਨਾਰਸੀ ਦਾਸ ਦੀ ਜਾਇਦਾਦ, ਉੱਤਰ : ਸੜਕ 20' ਚੌੜੀ, ਦੱਖਣ : ਰਮਾ ਦਾ ਮਕਾਨ।	(ਏ) 09.07.2018 (ਬੀ) 15,72,505 ਰੁਪਏ 30.06.2018 ਨੂੰ (ਸੀ) 06.11.2018 (ਡੀ) ਸੰਕੇਤਕ ਕਬਜ਼ਾ	26/11/2026 From 11 AM to 4 PM / ਪੀ. ਐੱਨ. ਬੀ.-ਐੱਸ. ਐੱਸ. ਸੀ., ਪਠਾਨਕੋਟ ਨਾਲ ਇਕਵੀਟੇਬਲ ਮਾਰਟਗੇਜ	A) Rs 17,31,000/- B) Rs 1,73,100/- C) Rs 10,000/-
2.	ਬੀ. ਓ. ਸੁਨੇਈਆ (1) ਜਸ਼ਨ ਮਸ਼ੀਨ ਟੂਲਜ਼ ਇਸ ਦੇ ਮਾਲਕ ਪ੍ਰੇਮ ਮਸੀਹ ਪੁੱਤਰ ਸਰਬਜੀਤ ਮਸੀਹ, ਮਕਾਨ ਨੰ. 936, ਵਾਰਡ ਨੰ. 06, ਗੋਬਿੰਦ ਨਗਰ, ਭੁੱਲਰ ਰੋਡ, ਬਟਾਲਾ ਮਾਰਫਤ ਕੋਟਲਾ ਨਵਾਬ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ, ਪਿਨਕੋਡ-143505 (ਕਰਜ਼ਦਾਰ) ਰਾਹੀਂ, (2) ਪ੍ਰੇਮ ਮਸੀਹ ਪੁੱਤਰ ਸਰਬਜੀਤ ਮਸੀਹ, ਮਕਾਨ ਨੰ. 936, ਵਾਰਡ ਨੰ. 06, ਗੋਬਿੰਦ ਨਗਰ, ਭੁੱਲਰ ਰੋਡ, ਬਟਾਲਾ ਮਾਰਫਤ ਕੋਟਲਾ ਨਵਾਬ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ, ਪਿਨਕੋਡ-143505, ਮੋਬ. 9914552805 (ਕਰਜ਼ਦਾਰ), (3) ਸਰਬਜੀਤ ਮਸੀਹ ਪੁੱਤਰ ਰੱਖਾ ਮਸੀਹ, ਗੋਬਿੰਦ ਨਗਰ, ਭੁੱਲਰ ਰੋਡ, ਬਟਾਲਾ ਮਾਰਫਤ ਕੋਟਲਾ ਨਵਾਬ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ, ਪਿਨਕੋਡ-143505, ਮੋਬ. 9914552805 (ਗਾਰੰਟਰ/ਮਾਰਟਗੇਜਰ)।	4 ਮਰਲੇ ਦੀ ਰਿਹਾਇਸ਼ੀ ਕਮ ਕਮਰਸ਼ੀਅਲ ਜਾਇਦਾਦ ਦੀ ਈ. ਐੱਮ., ਜਿਸ ਦਾ ਖਸਰਾ ਨੰ. 22//10/3-11 ਮਿਨ ਹੈ। ਇਹ ਜਾਇਦਾਦ ਗੋਬਿੰਦ ਨਗਰ, ਭੁੱਲਰ ਰੋਡ, ਬਟਾਲਾ, ਜ਼ਿਲਾ ਗੁਰਦਾਸਪੁਰ ਵਿਖੇ ਸਥਿਤ ਹੈ ਅਤੇ ਸਬ-ਰਜਿਸਟ੍ਰਾਰ, ਬਟਾਲਾ ਦੇ ਦਫਤਰ 'ਚ ਵਿਕਰੀ ਡੀਡ ਨੰ. 143 ਮਿਤੀ 08.04.1988 ਰਾਹੀਂ ਸਰਬਜੀਤ ਸਿੰਘ ਪੁੱਤਰ ਰੱਖਾ ਸਿੰਘ ਦੇ ਨਾਂ 'ਤੇ ਰਜਿਸਟਰਡ ਹੈ। ਹੱਦਬੰਦੀ-ਪੂਰਬ : ਹੋਰ ਦਾ ਮਕਾਨ 19'-6", ਪੱਛਮ : ਗਲੀ 19'-6", ਉੱਤਰ : ਮੈਸਰਜ਼ ਬੀ. ਐੱਮ. ਇੰਜੀਨੀਅਰਿੰਗ ਵਰਕਸ 46'-0", ਦੱਖਣ : ਮੈਸਰਜ਼ ਬੀ. ਐੱਮ. ਇੰਜੀਨੀਅਰਿੰਗ ਵਰਕਸ 46'-0"।	(ਏ) 24.03.2026 (ਬੀ) 9,11,450.28 ਰੁਪਏ 28.02.2026 ਨੂੰ+01.03.2026 ਤੋਂ ਅਗਲਾ ਵਿਆਜ (ਸੀ) 02.06.2026 (ਡੀ) ਸੰਕੇਤਕ ਕਬਜ਼ਾ	26/11/2026 From 11 AM to 4 PM / ਪੀ. ਐੱਨ. ਬੀ.-ਸੁਨੇਈਆ ਨਾਲ ਇਕਵੀਟੇਬਲ ਮਾਰਟਗੇਜ	A) Rs 14,33,000/- B) Rs 1,43,300/- C) Rs 20,000/-

ਨਿਯਮ ਤੇ ਸ਼ਰਤਾਂ :(1) ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦੱਸੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ। (2) ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। (3) ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। (4) ਜਾਇਦਾਦ (†) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮੀਸ਼ੁਦਾ ਜਾਇਦਾਦ ਦੇ ਮਾਮਲੇ 'ਚ ਸਰਕਾਰ ਜਾਂ ਕਿਸੇ ਵੀ ਹੋਰ ਵੱਲ ਕਿਸੇ ਚਾਰਜ, ਗ੍ਰਹਿਣ ਅਧਿਕਾਰ, ਭਾਰਾਂ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। (5) ਹਿਤਬੱਧ ਬੋਲੀਦਾਤੇ ਨੂੰ ਸਲਾਹ ਹੈ ਕਿ ਉਹ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ ਦੇ ਬਕਾਏ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐੱਨ. ਓ. ਸੀ. ਫਾਰਮ ਆਦਿ ਸਮੇਤ ਜਾਇਦਾਦ ਉੱਪਰ ਝੰਜਟਾਂ ਸਬੰਧੀ ਸੁਤੰਤਰ ਤੌਰ 'ਤੇ ਜਾਂਚ ਕਰ ਲਵੇ। ਬਕਾਇਆ ਖਰਚਿਆਂ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨੂੰ ਨਿਲਾਮੀ ਖਰੀਦਦਾਰ ਵੱਲੋਂ ਸਹਿਣ ਕੀਤਾ ਜਾਵੇਗਾ। (6) ਸਕਿਓਰਡ ਕ੍ਰੈਡਿਟਰ ਵਿਕਰੀ ਕੀਤੀ ਜਾਣ ਵਾਲੀ ਜਾਇਦਾਦ (†) ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਗਾਰੰਟੀ ਨਹੀਂ ਦੇਵੇਗਾ। (7) ਨਿਮਨਹਸਤਾਖਰੀ ਵਲੋਂ ਵਿਕਰੀ ਵੈੱਬਸਾਈਟ https://baanknet.com 'ਤੇ ਦਿੱਤੇ ਈ-ਨਿਲਾਮੀ ਪਲੇਟਫਾਰਮ ਰਾਹੀਂ 26.11.2026 ਨੂੰ ਸਵੇਰੇ 11 ਤੋਂ ਸ਼ਾਮ 4 ਵਜੇ ਦਰਮਿਆਨ ਉੱਪਰ ਦੱਸੇ ਸਮੇਂ 'ਤੇ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮ ਤੇ ਸ਼ਰਤਾਂ ਦੇਖਣ ਲਈ ਕਿਰਪਾ ਕਰ ਕੇ https://baanknet.com ਤੇ www.pnb.bank.in/ ਦਾ ਹਵਾਲਾ ਲਵੋ। (8) ਰਾਖਵੀਂ ਕੀਮਤ ਤੋਂ ਵੱਧ ਘੱਟੋ-ਘੱਟ ਇਕ ਬੋਲੀ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ-9(1) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 04.11.2026
ਸਥਾਨ : ਪਠਾਨਕੋਟ

ਨਰੇਂਦਰ ਕੁਮਾਰ ਸ਼੍ਰੀਵਾਸਤਵ, ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ

ਸੀ. ਬੀ. ਆਈ. ਨੇ ਅਸ਼ਵਨੀ ਦੇ ਮੈਡੀਕਲ ਸਟੋਰ ਦੇ ਮਲਬੇ 'ਚੋਂ ਲਏ ਨਮੂਨੇ, ਅੱਜ ਹੋਵੇਗਾ ਦਲਜੀਤ ਦਾ ਅੰਤਿਮ ਸੰਸਕਾਰ

ਮਾਨਸਾ, 4 ਨਵੰਬਰ (ਸੰਦੀਪ ਮਿੱਤਲ)-ਸੀ. ਬੀ. ਆਈ. ਨੇ ਪਰਵਿੰਦਰ ਸਿੰਘ ਝੋਟਾ ਕਤਲਕਾਂਡ 'ਚ ਬੁੱਧਵਾਰ ਨੂੰ ਮੁੜ ਮਾਨਸਾ ਪੁੱਜ ਕੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਢਾਹੇ ਗਏ ਮੈਡੀਕਲ ਸਟੋਰ ਦੇ ਮਲਬੇ 'ਚੋਂ ਨਮੂਨੇ ਇਕੱਤਰ ਕੀਤੇ। ਟੀਮ ਪਰਵਿੰਦਰ ਝੋਟਾ ਦੇ ਪਿਤਾ ਭੀਮ ਸਿੰਘ ਨੂੰ ਨਾਲ ਲੈ ਕੇ ਘਟਨਾ ਸਥਾਨ 'ਤੇ ਪਹੁੰਚੀ ਅਤੇ ਘੰਟਿਆਂਬੱਧੀ ਦੁਕਾਨ ਦੇ ਮਲਬੇ ਨੂੰ ਹਟਾ ਕੇ ਉੱਥੋਂ ਨਮੂਨੇ ਲੈ ਕੇ ਜਾਂਚ ਵਿਚ ਜੁਟੀ ਰਹੀ।

ਉਧਰ ਦੂਜੇ ਪਾਸੇ ਪਿੰਡ ਭੰਮੇ ਕਲਾਂ ਦੇ ਨੌਜਵਾਨ ਦਲਜੀਤ ਸਿੰਘ ਦਾ 5 ਨਵੰਬਰ ਨੂੰ ਸਵੇਰੇ 11 ਵਜੇ ਪਿੰਡ ਭੰਮੇ ਕਲਾਂ ਵਿਖੇ ਹੀ ਅੰਤਿਮ ਸੰਸਕਾਰ ਕੀਤਾ ਜਾ ਰਿਹਾ ਹੈ। ਮ੍ਰਿਤਕ ਦੀ ਭੈਣ ਅਮਰਜੀਤ ਕੌਰ ਨੇ ਦਲਜੀਤ ਦੀ ਲਾਸ਼ ਖੋਹੇ ਜਾਣ ਨੂੰ ਲੈ ਕੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਤੇ ਹੁਕਮ ਦਿੱਤੇ ਗਏ ਅਤੇ ਬੁੱਧਵਾਰ ਨੂੰ ਪਰਿਵਾਰ ਦੀ ਮੌਜੂਦਗੀ ਵਿਚ ਉਸ ਦਾ ਪੀ. ਜੀ. ਆਈ. ਤੋਂ ਪੋਸਟਮਾਰਟਮ ਕਰਵਾਇਆ।

ਪਰਿਵਾਰ ਨੇ ਮਾਣਯੋਗ ਅਦਾਲਤ ਕੋਲ ਦਲਜੀਤ ਦਾ ਅੰਤਿਮ ਸੰਸਕਾਰ ਪਿੰਡ 'ਚ ਹੀ ਕਰਨ ਦੀ ਇੱਛਾ ਪ੍ਰਗਟਾਈ, ਜਿਸ ਤੋਂ ਬਾਅਦ ਅਦਾਲਤ ਵੱਲੋਂ 5 ਨਵੰਬਰ ਦਿਨ ਵੀਰਵਾਰ ਨੂੰ ਦਲਜੀਤ ਦਾ ਅੰਤਿਮ ਸੰਸਕਾਰ ਪਿੰਡ ਭੰਮੇ ਕਲਾਂ ਵਿਖੇ ਕਰਨ ਦੇ ਹੁਕਮ ਦਿੱਤੇ ਗਏ। ਅਦਾਲਤ ਨੇ ਇਸ ਵਿਚ ਕਿਸੇ ਵੀ ਸਿਆਸੀ ਨੇਤਾ ਦੇ ਸ਼ਾਮਲ ਹੋਣ ਦੀ ਮਨਾਹੀ ਕੀਤੀ ਹੈ। ਪਰਿਵਾਰ ਨੇ ਇਸ 'ਤੇ ਸਹਿਮਤੀ ਜਤਾਉਂਦਿਆਂ ਦਲਜੀਤ ਦੇ ਅੰਤਿਮ ਸੰਸਕਾਰ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਹਨ। ਉਸ ਦਾ ਅੰਤਿਮ ਸੰਸਕਾਰ ਭਾਰੀ ਸੁਰੱਖਿਆ ਫੋਰਸ ਦੀ ਮੌਜੂਦਗੀ ਵਿਚ ਹੋਵੇਗਾ।

ਮਾਣਯੋਗ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਅਸ਼ਵਨੀ ਕੁਮਾਰ ਦਾ ਸਟੋਰ ਕਿਹੜੇ ਕਾਨੂੰਨ ਤਹਿਤ ਢਾਹਿਆ ਗਿਆ ਹੈ, ਦਾ ਜਵਾਬ ਮੰਗਿਆ ਹੈ, ਜਿਸ 'ਤੇ 15 ਦਸੰਬਰ ਨੂੰ ਸੁਣਵਾਈ ਹੋਵੇਗੀ। ਥਾਣਾ ਸਿਟੀ 2 ਮਾਨਸਾ ਦੀ ਪੁਲਸ ਨੇ ਝੋਟਾ ਕਤਲਕਾਂਡ ਦੇ ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਦੇ ਗਰਗ ਮੈਡੀਕਲ ਹਾਲ ਦੀ ਇਮਾਰਤ ਢਾਹੁਣ ਦੇ ਦੋਸ਼ ਹੇਠ 1200 ਦੇ ਕਰੀਬ ਅਣਪਛਾਤੇ ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ।

ਉੱਤਰ ਰੇਲਵੇ

ਭਾਰਤ ਸਰਕਾਰ, ਰੇਲ ਮੰਤਰਾਲਾ
ਰੇਲਵੇ ਭਰਤੀ ਪ੍ਰਕੋਸ਼ਠ, ਉੱਤਰ ਰੇਲਵੇ
ਰੋਜ਼ਗਾਰ ਸੂਚਨਾ ਨੰ: ਆਰਆਰਸੀ/ਐਨਆਰ 02/2026/ਸੀਕਯੂ
ਆਰਆਰਸੀ ਵੈਬਸਾਈਟ : www.rrcnr.org
(ਸੰਕੇਤਿਕ (ਸੂਚਨਾ)
ਸਾਲ 2026-27 ਦੇ ਲਈ ਕਲਚਰਲ ਕੋਟੇ ਵਿਚ ਭਰਤੀ

ਉੱਤਰ ਰੇਲਵੇ ਵਿਚ ਸਾਲ 2026-27 ਲਈ ਕਲਚਰਲ ਕੋਟੇ ਵਿਚ 7ਵੇਂ ਸੀਪੀਸੀ ਦੇ ਪੇ ਮੈਟ੍ਰਿਕਸ ਲੇਵਲ-2 ਵਿਚ 02 ਰਿਕਤੀਆਂ ਦੇ ਲਈ ਪਾਤਰ ਭਾਰਤੀਯ ਨਾਗਰਿਕਾਂ ਤੋਂ ਆਨਲਾਈਨ ਆਵੇਦਨ ਮੰਗ ਕੀਤੇ ਜਾਂਦੇ ਹਨ।

ਮਹੱਤਪੂਰਣ ਮਿਤੀਆਂ	
ਆਰਆਰਸੀ ਵੈੱਬਸਾਈਟ ਉੱਤੇ ਪੂਰੀ ਅਧਿਸੂਚਨਾ ਪ੍ਰਕਾਸ਼ਨ ਦੀ ਮਿਤੀ	04.11.2026
ਆਨਲਾਈਨ ਆਵੇਦਨ ਕਰਨ ਦੀ ਸ਼ੁਰੂ ਮਿਤੀ	06.11.2026
ਆਨਲਾਈਨ ਆਵੇਦਨ ਦੀ ਆਖਰੀ ਮਿਤੀ ਅਤੇ ਸਮਾਂ	06.12.2026 23:59 hrs ਤਕ
ਆਨਲਾਈਨ ਲਿਖਿਤ ਪਰੀਖਿਆ ਦੀ ਸੰਭਾਵਿਤ ਮਿਤੀ	January 2027

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3867/26

ਭਾਰਤ ਸਰਕਾਰ, ਰੇਲ ਮੰਤਰਾਲਾ
ਰੇਲਵੇ ਭਰਤੀ ਸੈਲ, ਉੱਤਰ ਰੇਲਵੇ
ਰੋਜ਼ਗਾਰ ਸੂਚਨਾ ਨੰ. ਆਰਆਰਸੀ/ਐਨਆਰ 01/2026/ ਐਸ ਐਂਡ ਜੀ
ਆਰਆਰਸੀ ਵੈਬਸਾਈਟ: www.rrcnr.org (ਸੰਕੇਤਿਕ ਸੂਚਨਾ)
ਸਾਲ 2026-27 ਦੇ ਲਈ ਸਕਾਊਟ ਅਤੇ ਗਾਈਡ ਕੋਟੇ ਵਿਚ ਭਰਤੀ

ਉੱਤਰ ਰੇਲਵੇ ਵਿਚ ਸਾਲ 2026-27 ਲਈ ਸਕਾਊਟ ਅਤੇ ਗਾਈਡ ਕੋਟੇ ਵਿਚ 7ਵੇਂ ਸੀਪੀਸੀ ਦੇ ਪੇ ਮੈਟ੍ਰਿਕਸ ਲੇਵਲ-1 ਵਿਚ 22 ਅਸਾਮੀਆਂ ਅਤੇ ਲੇਵਲ-2 ਵਿਚ 05 ਅਸਾਮੀਆਂ ਦੇ ਲਈ ਯੋਗ ਭਾਰਤੀਯ ਨਾਗਰਿਕਾਂ ਤੋਂ ਆਨਲਾਈਨ ਦਰਖਾਸਤ ਦੀ ਮੰਗ ਕੀਤੀ ਜਾਂਦੀ ਹੈ। ਜੇਕਰ ਯੋਗ ਹੈ ਤਾਂ, ਹਰੇਕ ਪੱਧਰ ਦੇ ਲਈ ਇਮਤਿਹਾਨ ਫੀਸ ਸਮੇਤ ਵੱਖ-ਵੱਖ ਦਰਖਾਸਤ ਭਰਨਾ ਹੋਵੇਗਾ।

ਮਹੱਤਵਪੂਰਨ ਮਿਤੀਆਂ	
ਆਰਆਰਸੀ ਵੈਬਸਾਈਟ ਤੇ ਵਿਸਤ੍ਰਿਤ ਅਧਿਸੂਚਨਾ ਪ੍ਰਕਾਸ਼ਨ ਦੀ ਮਿਤੀ	04.11.2026
ਆਨਲਾਈਨ ਆਵੇਦਨ ਕਰਨ ਦੀ ਸ਼ੁਰੂਆਤੀ ਮਿਤੀ	06.11.2026
ਆਨਲਾਈਨ ਆਵੇਦਨ ਦੀ ਅੰਤਿਮ ਮਿਤੀ ਅਤੇ ਸਮਾਂ	06.12.2026 23:59 ਵਜੇ ਤਕ
ਆਨਲਾਈਨ ਲਿਖਿਤ ਪ੍ਰੀਖਿਆ ਦੀ ਸੰਭਾਵਿਤ ਮਿਤੀ	ਜਨਵਰੀ 2027

3866/2026 ਪ੍ਰਧਾਨ/ਆਰਆਰਸੀ
"ਜਾਲਸਾਜ਼ਾਂ, ਦਲਾਲਾਂ, ਨੌਕਰੀ ਦਿਵਾਉਣ ਵਾਲਿਆਂ ਅਤੇ ਠੱਗਾਂ ਤੋਂ ਸਾਵਧਾਨ ਰਹੋ"

ਉੱਤਰ ਰੇਲਵੇ
ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਪੁਲ/ਕਾਰਜਸ਼ਾਲਾ, ਉੱਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

ਲ. ਨੰ.	ਨਿਵਿਦਾ ਨੰ.	ਕੰਮ ਦਾ ਵੇਰਵਾ	ਅੰਦਾਜ਼ਨ ਲਾਗਤ (ਰੁਪਏ)	ਬਿਆਨਾ ਰਾਸ਼ੀ (ਰੁਪਏ)	ਖੁੱਲਣ ਦੀ ਮਿਤੀ	IREPS 'ਤੇ ਬੋਲੀ ਲਗਾਉਣ ਦੀ ਮਿਤੀ	ਟੈਂਡਰ ਫਾਰਮ ਦੀ ਲਾਗਤ (ਰੁਪਏ)	ਕੰਮ ਸਮਾਪਤੀ ਦਾ ਸਮਾਂ
1.	OT-23-JRC-2026	SSE/BR/M/UMB ਦੇ ਤਹਿਤ JHL-HSR ਸੈਕਸ਼ਨ ਤੇ ਪੁਲ ਨੰਬਰ 3 (12x12.2 ਮੀਟਰ), MRND-DULPR ਸੈਕਸ਼ਨ ਤੇ ਪੁਲ ਨੰਬਰ 238 (1x23.4 ਮੀ + 1x18.3 ਮੀਟਰ) ਅਤੇ RPJ-DUI ਸੈਕਸ਼ਨ ਉਤੇ ਪੁਲ ਨੰਬਰ 129 UP (14x12.2 ਮੀਟਰ) ਦੇ ਉਪਰ ਸਾਈਡ ਪਾਥਵੇ ਦਾ ਕੰਮ ਕਰਨਾ।	1,52,03,828.02/-	3,04,100.00	19.11.2026	05.11.2026 ਤੋਂ 19.11.2026	0	10 ਮਹੀਨੇ

ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁੱਲਣ ਦੇ ਲਈ ਮਿਤੀ ਅਤੇ ਸਮਾਂ	ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ।
ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ।	ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ਼ www.ireps.gov.in ਤੇ ਉਪਲਬਧ ਹੈ।

No. 80-W/30/Bridges/ Invitation Dated: 27.10.2026 3861/26
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ